بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 17.12.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 17 ਦਸੰਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔
بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਜ਼ਿਕਰ ਵਿੱਚ ਗ਼ੁਲਾਮਾ ਨੂੰ ਅਜ਼ਾਦ ਕਰਨ ਦੀਆਂ ਕੁਝ ਹੋਣ ਘਟਨਾਵਾਂ ਹਨ । ਆਪ ਰਜ਼ੀ ਅਲੱਾਹੁ ਅਨਹੁ ਨੇ ਨਹਦੀਆ ਅਤੇ ਉਹਨਾ ਦੀ ਬੇਟੀ ਨੂੰ ਮੂੰਹ ਮੰਗਿਆ ਮੁੱਲ ਦੇਕੇ ਅਜ਼ਾਦ ਕਰਾਇਆ ਸੀ । ਇਸੇ ਪ੍ਰਕਾਰ ਉਮਰ ਬਿਨ ਖ਼ਤਾਬ ਜੋ ਅਜੇ ਮੁਸਲਮਾਨ ਨਹੀਂ ਹੋਏ ਸਨ ਬਨੂ ਮੋਅਮੱਲ ਦੀ ਇਕ ਲੌਂਡੀ ਨੂੰ ਕਸ਼ਟ ਦੇ ਰਹੇ ਸਨ, ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਉਸ ਨੂੰ ਵੀ ਅਜ਼ਾਦ ਕਰਾਇਆ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਪਿਤਾ ਨੇ ਇਕ ਵਾਰ ਆਪ ਰਜ਼ੀ ਅਲੱਾਹੁ ਅਨਹੁ ਨੂੰ ਇਹ ਮਸ਼ਵਰਾ ਦਿਤੱਾ ਕਿ ਤੁਸੀਂ ਤਾਕਤਵਰ ਪੁਰੁਸ਼ਾਂ ਨੂੰ ਅਜ਼ਾਦ ਕਰਾਓ ਤਾਂ ਜੋ ਉਹ ਤੁਹਾਡੀ ਰੱਖਿਆ ਤਾਂ ਕਰਣ, ਇਸ'ਤੇ ਆਪ ਰਜ਼ੀ ਅਲੱਾਹੁ ਅਨਹੁ ਨੇ ਉੱਤਰ ਦਿਤੱਾ ਕਿ ਮੈਂ ਤਾਂ ਕੇਵਲ ਰੱਬ ਖ਼ਾਤਰ ਉਸਦੀ ਰਜ਼ਾ ਚਾਹੁੰਦਾ ਹਾਂ । ਅਲਾਮਾ ਕਰਤਬੀ ਤੇ ਅਲਾਮਾ ਆਲੂਸੀ ਅਤੇ ਕੁਝ ਹੋਰ ਵਿਆਖਿਆਕਾਰ ਕਹਿੰਦੇ ਹਨ ਕਿ ਸੂਰਤ ਲੈਲ ਦੀਆਂ ਆਇਤਾਂ ( فَاَمَّا مَنۡ اَعۡطٰی وَاتَّقٰی سے وَلَسَوۡفَ یَرۡضٰی ) 'ਫ਼-ਅਮੱਾ ਮਨ ਆਤਾ ਵਤੱਾਕਾ ਤੋਂ ਵਲਾ ਸੌਫ਼ਾ ਯਰਜ਼ਾ' ਤੱਕ ਅਰਥਾਤ ਉਹ ਜਿਸਨੇ ਸਚੱਾਈ ਦੇ ਮਾਰਗ ਵਿੱਚ ਦਿਤੱਾ ਅਤੇ ਸੰਜਮਤਾ ਧਾਰਣ ਕੀਤੀ ਅਤੇ ਚੰਗੀ ਨੇਕੀ ਦੀ ਤਸਦੀਕ ਕੀਤੀ ਤਾਂ ਅਸੀਂ ਉਸਨੂੰ ਜ਼ਰੂਰ ਖੁਲੱਡੁਲ ਪ੍ਰਦਾਨ ਕਰਾਂਗੇ ਅਤੇ ਜਿੱਥੋਂ ਤੱਕ ਉਸ ਦਾ ਸੰਬੰਧ ਹੈ, ਜਿਸਨੇ ਕੰਜੂਸੀ ਕੀਤੀ ਅਤੇ ਬੇ ਪਰਵਾਹੀ ਕੀਤੀ ਅਤੇ ਚੰਗੀ ਨੇਕੀ ਨੂੰ ਝੁਠਲਾਇਆ ਤਾਂ ਅਸੀਂ ਜ਼ਰੂਰ ਉਸਨੂੰ ਤੰਗੀ ਵਿੱਚ ਪਾ ਦਿਆਂਗੇ ਅਤੇ ਉਸ ਦਾ ਮਾਲ ਜੱਦ ਤਬਾਹ ਹੋ ਜਾਏਗਾ ਤਾਂ ਉਸਦੇ ਕਿਸੇ ਕੰਮ ਨ ਆਏਗਾ । ਨਿਸ਼ਚੇ ਹੀ ਹਿਦਾਇਤ ਦੇਣਾ ਸਾਡੇ'ਤੇ ਫ਼ਰਜ਼ ਹੈ ਅਤੇ ਅੰਤ ਵੀ ਨਿਸ਼ਚੇ ਹੀ ਸਾਡਾ ਪ੍ਰਤੀਫ਼ਲ ਹੈ ਅਤੇ ਅਰੰਭ ਵੀ । ਸੋ, ਮੈਂ ਤੁਹਾਨੂੰ ਇਸ ਅੱਗ ਤੋਂ ਡਰਾਉਂਦਾ ਹਾਂ ਜੋ ਭੜਕਦੇ ਅੰਗਾਰੇ ਹਨ ਇਸ ਵਿੱਚ ਕੋਈ ਦਾਖ਼ਲ ਨਹੀਂ ਹੋਵੇਗਾ ਪਰ ਸਖ਼ਤ ਬਦਬਖ਼ਤ । ਉਹ ਜਿਸਨੇ ਝੁਠਲਾਇਆ ਅਤੇ ਪਿੱਠ ਫੇਰ ਲਈ ਜੱਦ ਕਿ ਸਭ ਤੋਂ ਵਧੱਕੇ ਸੰਜਮੀ ਜ਼ਰੂਰ ਬਚਾਇਆ ਜਾਏਗਾ ਜੋ ਆਪਣਾ ਮਾਲ ਦਿੰਦਾ ਹੈ ਪਵਿਤੱਰਤਾ ਮੰਗਦਿਆਂ ਹੋਇਆਂ ਅਤੇ ਕਿਸੇ'ਤੇ ਇਹਸਾਨ ਨਹੀਂ ਹੈ ਕਿ ਜਿਸਦਾ ਉਸ ਵੱਲੋਂ ਬਦਲਾ ਦਿਤੱਾ ਜਾ ਰਿਹਾ ਹੋਵੇ । ਇਹ ਕੇਵਲ ਆਪਣੇ ਰੱਬ ਦੀ ਖ਼ੁਸ਼ੀ ਨੂੰ ਚਾਹੁੰਦਿਆਂ ਹੋਇਆ ਖ਼ਰਚ ਕਰਦਾ ਹੈ ਅਤੇ ਉਹ ਜ਼ਰੂਰ ਰਾਜ਼ੀ ਹੋ ਜਾਏਗਾ । ਇਹ ਆਇਤਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਇਸੇ ਅਮਲ ਦੇ ਸਬਬ ਆਪਦੀ ਸ਼ਾਨ ਤੇ ਵੱਡਿਆਈ ਵਿੱਚ ਉਤਰੀਆਂ ਹਨ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਹਜ਼ਰਤ ਖ਼ਬਾਬ ਬਿਨ ਅਰਤ ਰਜ਼ੀ ਅਲੱਾਹੁ ਅਨਹੁ ਦੇ ਅਜ਼ਾਦ ਕੀਤੇ ਜਾਣ ਦੀ ਘਟਨਾ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਖ਼ਬਾਬ ਰਜ਼ੀ ਅਲੱਾਹੁ ਅਨਹੁ ਜੋ ਕਿਸੇ ਸਮੇਂ ਗ਼ੁਲਾਮ ਸਨ, ਉਹਨਾਂ ਦੀ ਪਿੱਠ ਨੂੰ ਕਿਸੇ ਵਿਅਕਤੀ ਨੇ ਦੇਖਿਆ ਕਿ ਉਹ ਅਤਿਅੰਤ ਸ਼ਖ਼ਤ ਤੇ ਮੱਝ ਦੀ ਖੱਲ ਵਾਂਗ ਖਦੱਰੀ ਹੈ ਤਾਂ ਉਹ ਹੈਰਾਨ ਰਹਿ ਗਿਆ । ਪੁਛੱਣ'ਤੇ ਹਜ਼ਰਤ ਖ਼ਬਾਬ ਨੇ ਦੱਸਿਆ ਕਿ ਇਸਲਾਮ ਕੁਬੂਲ ਕਰਨ'ਤੇ ਸਾਡਾ ਮਾਲਕ ਸਾਨੂੰ ਸੜਦੀ ਬਲੱਦੀ ਧੁੱਪ ਵਿੱਚ ਲੱਮੇ ਪਾਕੇ ਮਾਰਦਾ ਅਤੇ ਕਹਿੰਦਾ ਕਿ ਆਖੋ ਕਿ ਅਸੀਂ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਨਹੀਂ ਮੰਨਦੇ, ਅਸੀਂ ਇਸ'ਤੇ ਕਲਮਾ ਸ਼ਾਦਤ ਪੜ੍ਹਦੇ ਰਹਿੰਦੇ ਤਾਂ ਉਹ ਸਾਨੂੰ ਹੋਰ ਮਾਰਦਾ ਅਤੇ ਅਤਿਅੰਤ ਖੁੱਦਰਿਆਂ ਪਥੱਰਾਂ'ਤੇ ਘਸੀਟਦਾ । ਜੋ ਕੁਝ ਤੁਸੀਂ ਦੇਖਿਆ ਹੈ ਇਹ ਉਸੇ ਮਾਰ ਕੁੱਟ ਤੇ ਘਸੀਟੇ ਜਾਣ ਦਾ ਸਿਟੱਾ ਹੈ । ਕਈ ਸਾਲਾ ਉਹਨਾਂ'ਤੇ ਜ਼ੁਲਮ ਹੋਇਆ, ਅਖ਼ੀਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਆਪਣੀ ਜਾਇਦਾਦ ਦਾ ਵਡੱਾ ਭਾਗ ਵੇਚਕੇ ਉਹਨਾ ਨੂੰ ਅਜ਼ਾਦ ਕਰਾਇਆ ।

ਇਕ ਮੌਕੇ'ਤੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਜੋ ਗ਼ੁਲਾਮ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ'ਤੇ ਇਮਾਨ ਲਿਆਏ ਉਹਨਾ ਵਿੱਚ ਹਬਸ਼ੀ ਵੀ ਸੀ ਜਿਵੇਂ ਬਿਲਾਲ ਰਜ਼ੀ ਅਲੱਾਹੁ ਅਨਹੁ, ਇਹਨਾਂ ਵਿੱਚ ਰੂਮੀ ਵੀ ਸਨ ਜਿਵੇਂ ਸੁਹੈਬ ਰਜ਼ੀ ਅਲੱਾਹੁ ਅਨਹੁ, ਇਹਨਾ ਵਿੱਚ ਇਸਾਈ ਵੀ ਸਨ ਜਿਵੇਂ ਜਬੀਰ ਰਜ਼ੀ ਅਲੱਾਹੁ ਅਨਹੁ ਅਤੇ ਸੁਹੈਬ ਰਜ਼ੀ ਅਲੱਾਹੁ ਅਨਹੁ ਅਤੇ ਮੁਸ਼ਰਿਕਾਂ (ਅਨੇਕ ਈਸ਼ਵਰਵਾਦੀ) ਵੀ ਸਨ, ਜਿਵੇਂ ਬਿਲਾਲ ਰਜ਼ੀ ਅਲੱਾਹੁ ਅਨਹੁ ਅਤੇ ਅਮੱਾਰ ਰਜ਼ੀ ਅਲੱਾਹੁ ਅਨਹੁ । ਬਿਲਾਲ ਰਜ਼ੀ ਅਲੱਾਹੁ ਅਨਹੁ ਨੂੰ ਉਸਦੇ ਮਾਲਕ ਤਪਦੀ ਰੇਤ'ਤੇ ਲੰਮੇ ਪਾਕੇ ਉਪੱਰ ਜਾਂ ਤਾਂ ਪਥੱਰ ਰੱਖ ਦਿੰਦੇ ਜਾਂ ਗਭਰੂ ਮੁੰਡਿਆਂ ਨੂੰ ਹਿੱਕ'ਤੇ ਚਾੜ੍ਹ ਦਿੰਦੇ, ਉਛੱਲ ਕੁਦੱਣ ਲਈ ਲਾ ਦਿੰਦੇ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਜੱਦ ਇਹਨਾ'ਤੇ ਇਹ ਜ਼ੁਲਮ ਦੇਖਿਆ ਤਾਂ ਕੀਮਤ ਦੇਕੇ ਇਹਨਾ ਨੂੰ ਅਜ਼ਾਦ ਕਰਾਇਆ । ਜੱਦ ਕੁਫ਼ੱਾਰ (ਇਨਕਾਰੀਆਂ) ਦੇ ਅਤਿਆਚਾਰ ਹੱਦੋਂ ਵੱਧ ਗਏ ਤਾਂ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ 5 ਰਜਬ ਨਬਵੀ ਵਿੱਚ ਮੁਸਲਮਾਨਾਂ ਨੂੰ ਹਬਸ਼ੇ ਵੱਲ ਹਿਜਰਤ ਕਰਨ ਦਾ ਫ਼ਰਮਾਨ ਜਾਰੀ ਕੀਤਾ, ਸੋ, ਗਿਆਰ੍ਹਾਂ ਪੁਰੁਸ਼ਾਂ ਤੇ ਚਾਰ ਇਸਤਰੀਆਂ ਨੇ ਹਬਸ਼ੇ ਵੱਲ ਹਿਜਰਤ ਕੀਤੀ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਵੀ ਹਿਜਰਤ ਦੇ ਨਿਸ਼ਚੇ ਨਾਲ ਨਿਕਲੇ ਸਨ ਪਰ ਬਰਕ ਅਲਗਮਾਦ ਸਥਾਨ'ਤੇ ਕਾਰਾ ਕਬੀਲੇ ਦੇ ਸਰਦਾਰ ਇਬਨੇ ਦਗ਼ਨਾ ਨੇ ਆਪ ਰਜ਼ੀ ਅਲੱਾਹੁ ਅਨਹੁ ਦੇ ਨਿਸ਼ਚੇ ਨੂੰ ਜਾਣਕੇ ਪਨਾਹ ਦੇਣ ਦਾ ਪ੍ਰਣ ਕੀਤਾ ਅਤੇ ਵਾਪਸ ਮੱਕੇ ਲੈ ਆਇਆ । ਮੱਕੇ ਪਹੁੰਚਕੇ ਉਸ ਨੇ ਕੁਰੈਸ਼ ਦੇ ਸਰਦਾਰਾਂ ਨੂੰ ਕਿਹਾ ਕਿ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਜਿਹੇ ਵਿਅਕਤੀ ਨੂੰ ਨ ਦੇਸ਼ ਵਿੱਚੋਂ ਕੱਢਿਆ ਜਾਂਦਾ ਹੈ ਅਤੇ ਨ ਉਹ ਵਤਨ'ਚੋਂ ਨਿਕਲਦਾ ਹੈ । ਤੁਸੀਂ ਅਜਿਹੇ ਵਿਅਕਤੀ ਨੂੰ ਕਢੱਦੇ ਹੋ ਜੋ ਅਜਿਹੀਆਂ ਖ਼ੂਬੀਆਂ ਬਜਾ ਲਿਆਉਂਦਾ ਹੈ ਜੋ ਲੁਪਤ ਹੋ ਚੁਕੀਆਂ ਹਨ ਅਤੇ ਰਹਿਮ ਦਾ ਵਰਤਾਉ ਕਰਦਾ ਹੈ, ਥਕਿਆਂ ਤੇ ਹਾਰਿਆਂ ਹੋਇਆਂ ਦਾ ਭਾਰ ਚੁਕੱਦਾ ਹੈ, ਪ੍ਰਾਹੁਣਾਚਾਰਰੀ ਕਰਦਾ ਹੈ । ਕੁਰੈਸ਼ ਨੇ ਇਬਨੇ ਦਗ਼ਨਾ ਦੀ ਪਨਾਹ ਕੁਬੂਲ ਕੀਤੀ ਪਰ ਕਿਹਾ ਕਿ ਅਬੂ ਬਕਰ ਨੂੰ ਕਹੋ ਕਿ ਉਹ ਆਪਣੇ ਰੱਬ ਦੀ ਇਬਾਦਤ ਆਪਣੇ ਘਰ ਵਿੱਚ ਹੀ ਕਰਿਆ ਕਰੇ । ਇਸ ਦੇ ਬਾਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਆਪਣੇ ਘਰ ਵਿੱਚ ਹੀ ਨਮਾਜ਼ ਤੇ ਕੁਰਆਨ ਕਰੀਮ ਦੀ ਤਲਾਵਤ ਕਰਿਆ ਕਰਦੇ । ਕੁਝ ਸਮਾਂ ਬਾਦ ਆਪਨੇ ਆਪਣੇ ਘਰ ਨਾਲ ਲਗੱਦੇ ਵਿਹੜੇ ਵਿੱਚ ਇਬਾਦਤ ਦੀ ਥਾਂ ਬਣਾ ਲਈ, ਜਿੱਥੇ ਮੁਸ਼ਰਿਕ (ਇਨਕਾਰੀ) ਇਸਤਰੀਆਂ ਤੇ ਬੱਚੇ ਆਪ ਰਜ਼ੀ ਅਲੱਾਹੁ ਅਨਹੁ ਦੀ ਡੂੰਘੀ ਤੇ ਦਰਦ ਭਰੀ ਇਬਾਦਤ ਦੀ ਅਵਸਥਾ ਨੂੰ ਹੈਰਾਨੀ ਨਾਲ ਦੇਖਦੇ । ਇਸ'ਤੇ ਮੱਕੇ ਦੇ ਕੁਰੈਸ਼ ਨੇ ਇਬਨੇ ਦਗ਼ਨਾ ਨੂੰ ਸੂਚਿਤ ਕੀਤਾ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਇਬਨੇ ਦਗ਼ਨਾ ਨੂੰ ਕਿਹਾ ਕਿ ਮੈਂ ਆਪਦੀ ਪਨਾਹ ਵਾਪਸ ਕਰਦਾ ਹਾਂ ਅਤੇ ਰੱਬ ਦੀ ਪਨਾਹ'ਤੇ ਰਾਜ਼ੀ ਹਾਂ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਆਪਣੇ ਵਿਹੜੇ ਵਿੱਚ ਮਸਜਿਦ ਬਣਾਈ ਸੀ ਇਸ ਬਾਰੇ ਸਹੀ ਬੁਕਾਰੀ ਦੀ ਵਿਆਖਿਆ ਉਮਦਾਤੁਲ ਕਾਰੀ ਵਿੱਚ ਲਿੱਖਿਆ ਹੈ ਕਿ ਇਹ ਮਸਜਿਦ ਘਰ ਦੀ ਕੰਧ ਤੱਕ ਫੈਲੀ ਹੋਈ ਸੀ ਅਤੇ ਇਹ ਪਹਿਲੀ ਮਸਜਿਦ ਸੀ ਜੋ ਇਸਲਾਮ ਵਿੱਚ ਬਣਾਈ ਗਈ ।

ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਸ਼ੋਅਬੇ ਅਬੀ ਤਾਲਬ ਵਿੱਚ ਵੀ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸਨ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਹਨਾ ਅਤਿਅੰਤ ਕਠਨ ਦਿਨਾਂ ਵਿੱਚ ਵੀ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਨ ਛੱਡਿਆ ਸੀ ।

ਹਜ਼ਰਤ ਇਬਨੇ ਅਬੱਾਸ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਜੱਦ ( غُلِبَتِ الرُّوْمُ فِیْٓ اَدْنَی الْاَرْضِ) 'ਗ਼ੁਲਿਬਤਿਰ ਰੂਮੁ ਫ਼ੀ ਅਦਨਿਲ ਅਰਜ਼ਿ' ਵਾਲੀ ਆਇਤ ਉਤਰੀ ਤਾਂ ਮੁਸ਼ਰਿਕ ਚੰਗਾ ਸਮਝਦੇ ਸਨ ਕਿ ਫ਼ਾਰਸ ਵਾਸੀ ਰੋਮ'ਤੇ ਗ਼ਾਲਬ ਆ ਜਾਣਗੇ ਕਿਉਂਕਿ ਉਹ ਵੀ ਬੁੱਤ ਪ੍ਰਸਤ ਸਨ ਜੱਦ ਕਿ ਮੁਸਲਮਾਨ ਪਸੰਦ ਕਰਦੇ ਸਨ ਕਿ ਰੋਮ ਵਾਸੀ ਫ਼ਾਰਸ ਵਾਸੀਆਂ'ਤੇ ਗ਼ਾਲਬ ਆ ਜਾਣ ਕਿ ਰੋਮ ਵਾਸੀ ਵੀ ਅਹਿਲੇ ਕਿਤਾਬ ਸਨ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਇਹ ਫ਼ਰਮਾਉਣ ਦੇ ਬਾਦ ਕਿ ਰੋਮ ਵਾਸੀ ਨਿਸ਼ਚੇ ਹੀ ਗ਼ਾਲਬ ਆ ਜਾਣਗੇ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਇਨਕਾਰੀਆਂ ਨਾਲ ਸ਼ਰਤ ਕਰ ਲਈ ।

ਸਹੀ ਬੁਖ਼ਾਰੀ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀਆਂ ਚਾਰ ਅਜਿਹੀਆਂ ਭਵਿੱਖਬਾਣੀਆਂ ਨੂੰ ਵਰਨਣ ਕੀਤਾ ਗਿਆ ਹੈ ਜੋ ਬਹੁਤ ਸ਼ਾਨ ਨਾਲ ਪੂਰੀਆਂ ਹੋਈਆਂ । ਇਹਨਾ ਭਵਿੱਖਬਾਣੀਆਂ ਵਿੱਚ ਰੋਮ ਦੇ ਗ਼ਲਬੇ ਵਾਲੀ ਭਵਿੱਖਬਾਣੀ ਵੀ ਹੈ । ਸੋ, ਮਸਰੂਕ ਰਿਵਾਇਤ ਕਰਦੇ ਹਨ ਕਿ ਅਸੀਂ ਅਬਦੁਲੱਾਹ ਬਿਨ ਮਸਊਦ ਰਜ਼ੀ ਅਲੱਾਹੁ ਅਨਹੁ ਕੋਲ ਸਨ । ਉਹਨਾ ਨੇ ਕਿਹਾ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਜੱਦ ਦੇਖਿਆ ਕਿ ਲੋਕ ਮੂੰਹ ਫੇਰ ਰਹੇ ਹਨ ਤਾਂ ਆਪ ਨੇ ਫ਼ਰਮਾਇਆ, ਹੇ ਅਲੱਾਹ ! ਜਿਵੇਂ ਹਜ਼ਰਤ ਯੂਸੁਫ਼ ਅਲੈਹਿ ਸਲਾਮ ਦੇ ਕਾਲ ਵਿੱਚ ਸੱਤ ਸਾਲਾ ਕਹਤਿ ਪਾਇਆ ਸੀ ਅਜਿਹਾ ਹੀ ਇਹਨਾਂ'ਤੇ ਵੀ ਕਹਿਤ ਪਾ, ਸੋ, ਇਹਨਾ'ਤੇ ਅਜਿਹਾ ਹੀ ਕਹਿਤ ਪਿਆ ਜਿਸ ਨੇ ਹਰ ਚੀਜ਼ ਨੂੰ ਤਬਾਹ ਕਰ ਦਿਤੱਾ ਇੱਥੋਂ ਤੱਕ ਕਿ ਅੰਤ ਇਹਨਾ ਨੇ ਖਲੱਾਂ ਤੇ ਮੁਰਦਿਆਂ ਦੀਆਂ ਬੋ ਮਾਰਦੀਆਂ ਲਾਸ਼ਾਂ ਵੀ ਖਾਧੀਆਂ ਅਤੇ ਇਹਨਾ ਵਿੱਚੋਂ ਕੋਈ ਜੋ ਅਕਾਸ਼ ਵੱਲ ਦੇਖਦਾ ਤਾਂ ਭੁੱਖ ਦੇ ਮਾਰੇ ਧੂੰਆਂ ਹੀ ਦਿਖਾਈ ਦਿੰਦਾ ਸੀ । ਅਲੱਾਹ ਤਆਲਾ ਨੇ ਫ਼ਰਮਾਇਆ ਸੀ, ਸੋ, ਤੂੰ ਉਡੀਕ ਕਰ ਉਸ ਦਿਨ ਦਾ ਜੱਦ ਅਕਾਸ਼ ਇਕ ਪ੍ਰਤੱਖ ਧੂਆਂ ਲਿਆਏਗਾ । ਅਵਸ਼ ਹੀ ਤੁਸੀਂ ਇਹਨਾਂ ਗਲੱਾਂ ਦਾ ਅਵਲੋਕਣ ਕਰਨ ਵਾਲੇ ਹੋ ਜਿਸ ਦਿਨ ਅਸੀਂ ਵੱਡੀ ਗ੍ਰਿਫ਼ਤ ਕਰਾਂਗੇ । ਸੋ ਇਹ ਵੱਡੀ ਗ੍ਰਿਫ਼ਤ ਬਦਰ ਦੇ ਦਿਨ ਹੋਈ । ਸੋ, ਧੂੰਏ ਦਾ ਅਜ਼ਾਬ ਅਤੇ ਸਖ਼ਤ ਗ੍ਰਿਫ਼ਤ ਅਤੇ ਲਿਜ਼ਾਮਾ ਵਾਲੀ ਭਵਿੱਖਬਾਣੀ ਅਤੇ ਰੋਮ ਦੀ ਭਵਿੱਖਬਾਣੀ ਇਹ ਸਾਰੀਆਂ ਗਲੱਾਂ ਪੂਰੀਆਂ ਹੋ ਚੁੱਕੀਆਂ ਹਨ । ਅਲਾਮਾ ਬਦਰੁੱਦੀਨ ਐਨੀ ਲਿਖਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਅਬੂ ਜਹਿਲ ਵਿੱਚ ਕੁਝ ਸਾਲ ਦੀ ਮੁਦੱਤ'ਤੇ ਸ਼ਰਤ ਲੱਗੀ ਸੀ, ਹਜ਼ੂਰ ਸਲਲੱਾਹੁ ਅਲਹਿ ਵਸਲੱਮ ਨੇ ਫ਼ਰਮਾਇਆ ਸੀ ਕਿ 'ਬਿਜ਼ਇ' ਸ਼ਬਦ ਦੀ ਉੱਥੇ ਵਰਤੋਂ ਹੁੰਦੀ ਹੈ ਜਿੱਥੇ ਨੌ ਵਰ੍ਹੇ ਜਾਂ ਸੱਤ ਵਰ੍ਹਿਆਂ ਦਾ ਸਮਾਂ ਹੁੰਦਾ ਹੈ ਇਸ ਲਈ ਮੁਦੱਤ (ਸਮਾਂ) ਵਧਾ ਲਓ । ਇਸ'ਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਸਮਾਂ ਵਧਾ ਲਿਆ ਅਤੇ ਅੰਤ ਰੋਮੀ ਗ਼ਾਲਬ ਆ ਗਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ 'ਬਿਜ਼ਇ' ਦਾ ਸ਼ਬਦ ਵਿਸ਼ੇਸ਼ਗ ਹੈ ਅਤੇ ਅਧਿਕਤਰ ਨੌ ਵਰ੍ਹਿਆਂ ਦੇ ਸਮੇਂ ਵਿੱਚ ਵਾਪਰਦਾ ਹੈ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਹ ਉਸ ਜ਼ਮਾਨੇ ਦੀ ਗੱਲ ਹੈ ਜੱਦ ਆਪ ਮੱਕੇ ਵਿੱਚ ਰਹਿੰਦੇ ਸਨ ਅਤੇ ਹਿਜਰਤ ਨਹੀਂ ਹੋਈ ਸੀ । ਇਸ ਦੇ ਬਾਦ ਨਿਰਧਾਰਤ ਸਮੇਂ ਦੇ ਅੰਦਰ ਹੀ ਜੰਗ ਨੇ ਅਰਨਚੇਤ ਅਜਿਹਾ ਪਲਟਾ ਖਾਧਾ ਅਤੇ ਰੋਮ ਨੇ ਥੋੜੇ ਜਿਹੇ ਸਮੇਂ ਵਿੱਚ ਫ਼ਾਰਸ ਨੂੰ ਮਾਤ ਦੇਕੇ ਆਪਣੇ ਖੇਤਰ ਖੋਹ ਲਿਆ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨਾਲ ਕਈ ਕੁਫ਼ੱਾਰ (ਇਨਕਾਰੀਆਂ) ਨੇ ਸੌ ਸੌ ਊਠਾਂ ਦੀਆਂ ਸ਼ਰਤਾਂ ਬੰਨ੍ਹੀਆਂ ਸਨ। ਦੇਖਣ ਨੂੰ ਇਸ ਭਵਿੱਖਬਾਣੀ ਦੇ ਪੂਰਾ ਹੋਣ ਦੇ ਚਾਂਸ ਦੂਰ ਤੋਂ ਦੂਰ ਹੁੰਦੇ ਜਾਂਦੇ ਸਨ, ਪਰ ਨਿਰਣਾਇਕ ਜੰਗ ਵਿੱਚ ਰੋਮੀਆਂ ਦੀ ਘੱਟ ਗਿਣਤੀ ਤੇ ਸਾਧਨਾ ਦੀ ਘਾਟ ਦੇ ਹੁੰਦਿਆਂ ਹੋਇਆਂ ਵੀ ਕੁਰਆਨ ਕਰੀਮ ਦੀ ਭਵਿੱਖਬਾਣੀ ਅਨੁਸਾਰ ਈਰਾਨੀਆਂ'ਤੇ ਗ਼ਾਲਬ ਆਏ ।

ਜੱਦ ਰੱਬ ਨੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਅਰਬ ਦੇ ਕਬੀਲਿਆਂ ਵਿੱਚ ਪ੍ਰਚਾਰ ਕਰਨ ਦਾ ਹੁਕਮ ਦਿਤੱਾ ਤਾਂ ਆਪ ਹਜ ਦੇ ਮੌਕੇ'ਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਤੇ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨਾਲ ਔਸ ਤੇ ਖ਼ਜ਼ਰਜ

ਅਤੇ ਹੋਰਨਾ ਕਬੀਲਿਆਂ ਦੀਆਂ ਸਭਾਵਾਂ ਵਿੱਚ ਗਏ ਅਤੇ ਉਹਨਾ ਨੂੰ ਪ੍ਰਚਾਰ ਕੀਤਾ । ਇਸੇ ਪ੍ਰਕਾਰ ਇਕ ਹੱਜ ਸਮੇਂ ਆਪ ਨੇ ਕਬੀਲਾ ਬਕਰ ਬਿਨ ਵਾਇਲ ਵੱਲ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਪ੍ਰਚਾਰ ਲਈ ਭੇਜਿਆ । ਇਕ ਕਬੀਲਾ ਬਨੀ ਸ਼ੈਬਾਨ ਬਿਨ ਸਾਅਲਬਾ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੇ ਨਿਮੰਤਰਣ ਨੇ, ਪ੍ਰਭਾਵਤ ਤਾਂ ਬਹੁਤ ਹੋਇਆ ਪਰ ਉਹਨਾ ਦੇ ਸਰਦਾਰਾਂ ਵਿੱਚੋਂ ਇਕ ਮੁਸਨਾ ਬਿਨ ਹਾਰਸਾ ਨੇ ਕਿਸਰਾ ਨਾਲ ਆਪਣੇ ਅਹਿਦ ਦਾ ਜ਼ਿਕਰ ਕੀਤਾ ਜਿਸ ਅਨੁਸਾਰ ਉਹ ਕੋਈ ਨਵਾਂ ਕੰਮ ਨਹੀਂ ਕਰ ਸਕਦੇ ਸਨ ਅਤੇ ਨ ਕਿਸੇ ਨਵੇਂ ਕੰਮ ਦੇ ਕਰਨ ਵਾਲੇ ਨੂੰ ਪਨਾਹ ਦੇ ਸਕਦੇ ਸਨ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਉਹਨਾ ਨੂੰ ਫ਼ਰਮਾਇਆ ਕਿ ਜੇਕਰ ਥੋੜੇ ਸਮੇਂ ਵਿੱਚ ਰੱਬ ਤੁਹਾਨੂੰ ਕਿਸਰਾ ਦੀ ਧਰਤੀ ਦਾ ਵਾਰਸ ਬਣਾ ਦੇਵੇ ਤਾਂ ਕੀ ਤੁਸੀਂ ਰੱਬ ਦਾ ਸਿਮਰਣ ਤੇ ਪ੍ਰਸ਼ੰਸਾ ਕਰੋਗੇ ? ਇਹ ਸੁਣਕੇ ਉਹ ਤਿਆਰ ਹੋ ਗਏ । ਰੱਬ ਦੀ ਕੁਦਰਤ ਕਿ ਉਹੋ ਮੁਸਨੱਾ ਜੋ ਕਿਸਰਾ ਤੋਂ ਪ੍ਰਭਾਵਤ ਹੋਕੇ ਇਸਲਾਮ ਕੁਬੂਲ ਕਰਨ ਤੋਂ ਹਿਚਕਿਚਾ ਰਹੇ ਸਨ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਖ਼ਿਲਾਫ਼ਤ ਸਮੇਂ ਕਿਸਰਾ ਨਾਲ ਲੜਾਈ ਸਮੇਂ ਇਸਲਾਮੀ ਫ਼ੌਜ ਦੇ ਸਿਪਾਸਾਲਾਰ ਸਨ ।

ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਜਾਰੀ ਰਹਿਣ ਬਾਰੇ ਦਸੱਣ ਦੇ ਬਾਦ ਹਜ਼ੂਰ ਅਨਵਰ ਨੇ ਅਫ਼ਗ਼ਾਨਿਸਤਾਨ ਅਤੇ ਪਾਕਿਸਤਾਨ ਦੇ ਅਹਮਦੀਆਂ ਲਈ ਦੁਆ ਦੀ ਤਹਿਰੀਕ ਕਰਦਿਆਂ ਹੋਇਆਂ ਫ਼ਰਮਾਇਆ ਕਿ ਅਫ਼ਗ਼ਾਨਿਸਤਾਨ ਵਿੱਚ ਅਹਮਦੀ ਬਹੁਤ ਕਸ਼ਟ ਵਿੱਚੋਂ ਲੰਘ ਰਹੇ ਹਨ । ਕਈ ਗ੍ਰਿਫ਼ਤਾਰੀਆਂ ਵੀ ਹੋਈਆਂ ਹਨ । ਇਸਤਰੀਆਂ ਤੇ ਬੱਚੇ ਬਹੁਤ ਪ੍ਰੇਸ਼ਾਨ ਹਨ ਆਪਣੇ ਘਰਾਂ ਵਿੱਚ । ਜੋ ਪੁਰਸ਼ ਬਾਹਰ ਹਨ ਜੋ ਗ੍ਰਿਫ਼ਤਾਰ ਨਹੀਂ ਹੋਏ ਉਹ ਵੀ ਬੇਘਰ ਹੋਏ ਹੋਏ ਹਨ ਕਿਉਂਕਿ ਖ਼ਤਰਾ ਹੈ ਕਿ ਗ੍ਰਿਫ਼ਤਾਰ ਨ ਹੋ ਜਾਣ । ਅਲੱਾਹ ਤਆਲਾ ਉਹਨਾ ਲਈ ਅਸਾਨੀਆਂ ਪੈਦਾ ਕਰੇ ਅਤੇ ਉਹਨਾ ਨੂੰ ਇਸ ਦੁੱਖ ਵਿੱਚੋਂ ਬਾਹਰ ਕੱਢੇ ।

ਫਿਰ ਪਾਕਿਸਤਾਨ ਦੇ ਅਹਮਦੀਆਂ ਲਈ ਵੀ ਦੁਆ ਕਰਨ ਉੱਥੇ ਵੀ ਸਾਧਾਰਣ ਤੌਰ'ਤੇ ਹਾਲਾਤ ਖ਼ਰਾਬ ਹੀ ਹੁੰਦੇ ਹਨ। ਕਿਤੇ ਨ ਕਿਤੇ ਕੋਈ ਨ ਕੋਈ ਘਟਨਾ ਵਾਪਰ ਜਾਂਦੀ ਹੈ ਜੋ ਲੋਕ ਅਹਮਦੀਆਂ ਨੂੰ ਕਸ਼ਟ ਦੇ ਰਹੇ ਹਨ । ਇਸੇ ਪ੍ਰਕਾਰ ਸਾਮੂਹਿਕ ਰੂਪ ਵਿੱਚ ਵੀ ਦੁਆ ਕਰਨ ਕਿ ਰੱਬ ਦੁਨੀਆ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਪਛਾਨਣ ਦਾ ਸੰਜੋਗ ਪ੍ਰਦਾਨ ਕਰੇ ਅਤੇ ਹਰ ਪ੍ਰਕਾਰ ਦੇ ਡਰ ਨੂੰ ਖ਼ਤਮ ਕਰੇ ਅਤੇ ਦੁਨੀਆ ਆਪਣੇ ਪੈਦਾ ਕਰਨ ਵਾਲੇ ਨੂੰ ਪਛਾਣ ਲਏ । ਆਮੀਨ ।

ਇਸਦੇ ਬਾਦ ਹਜ਼ੂਰ ਅਨਵਰ ਨੇ ਮੁਕਰੱਮ ਅਲਹਾਜ ਅਬਦੁਰ ਰਹਮਾਨ ਐਨਨ ਸਾਹਬ ਸਾਬਕਾ ਸੈਕ੍ਰੇਟਰੀ ਅਮੂਰ ਆਮਾ ਅਤੇ ਅਫ਼ਸਰ ਜਲਸਾ ਸਾਲਾਨਾ ਘਾਨਾ, ਮੁਕਰੱਮ ਅਜ਼ਯਾਬ ਅਲੀ ਮੁਹਮੱਦ ਅਲਜਬਾਲੀ ਸਾਹਬ ਆਫ਼ ਉਰਦਨ, ਮੁਕਰੱਮ ਦੀਨ ਮੁਹਮੱਦ ਸ਼ਾਹਦ ਸਾਹਬ ਰਿਟਾਇਰਡ ਮੁਰੱਬੀ ਸਿਲਸਿਲਾ ਹਾਲ ਵਾਸੀ ਕੈਨੇਡਾ, ਮੁਕਰੱਮ ਮੀਆਂ ਰਫ਼ੀਕ ਅਹਮਦ ਸਾਹਬ ਕਾਰਕੁਨ ਦਫ਼ਤਰ ਜਲਸਾ ਸਾਲਾਨਾ ਅਤੇ ਮੁਕਰੱਮਾ ਕਾਨਿਤਾ ਜ਼ਫ਼ਰ ਸਾਹਿਬਾ ਸੁਪਤਨੀ ਮੁਕਰੱਮ ਇਹਸਾਨੁਲੱਾਹ ਜ਼ਫ਼ਰ ਸਾਹਬ ਸਾਬਕਾ ਅਮੀਰ ਜਮਾਤ ਅਮਰੀਕਾ, ਇਹਨਾ ਸਾਰਿਆਂ ਮਰਹੂਮਾ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ । ਹਜ਼ੂਰ ਅਨਵਰ ਨੇ ਸਾਰਿਆਂ ਮਰਹੂਮਾ ਦੀ ਬਖ਼ਸ਼ਿਸ਼ ਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ
لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمکم اللّٰہ اِنَّ اللّٰهَ يَأْمُرُ بِالْعَدْلِ وَالْاِحْسَانِ
وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ
اَكْبَرُ.

**Khulasa Khutba Jumma 17.12.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)